**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ**
**ਐਸ.ਸੀ.ਓ. ਨੰ: 104-106, ਸੈਕਟਰ 34-ਏ, ਚੰਡੀਗੜ੍ਹ**

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਪੰਜਾਬ।
2. ਰਾਜ ਦੇ ਸਮੂਹ ਸਕੂਲ ਮੁਖੀ( ਵੈੱਬਸਾਈਟ ਰਾਹੀਂ)

ਮੀਮੋ ਨੰ: ਡਿ.ਐਸ.ਪੀ.ਡੀ/ਆਰ.ਐਸ.ਐਸ.ਏ/2010/R054963
ਮਿਤੀ, ਚੰਡੀਗੜ੍ਹ: 2-11-2010

**ਵਿਸ਼ਾ:-** **ਬੋਰਡ ਦੀਆਂ ਜਮਾਤਾਂ ਦੇ ਵੱਖੋਂ-ਵੱਖਰੇ ਸੈਕਸ਼ਨਾਂ ਦੇ ਨਤੀਜ਼ਿਆਂ ਨੂੰ ਇਕੱਠਾ ਕਰਕੇ ਏ.ਸੀ.ਆਰ ਵਿੱਚ ਇੰਦਰਾਜ਼ ਕਰਨ ਸੰਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਉਪਰੋਕਤ ਵਿਸ਼ੇ ਸੰਬੰਧੀ ਫੀਲਡ ਵਿੱਚੋਂ ਪ੍ਰਾਪਤ ਸ਼ਿਕਾਇਤਾਂ ਅਨੁਸਾਰ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਸਰਕਾਰੀ ਸਕੂਲਾਂ ਦੇ ਬਹੁਤ ਸਾਰੇ ਅਧਿਆਪਕ ਬੋਰਡ ਦੀਆਂ ਜਮਾਤਾਂ ਦੇ ਵੱਖੋ-ਵੱਖਰੇ ਸੈਕਸ਼ਨਾਂ ਦੇ ਨਾਕਾਰਾਤਮਕ ਨਤੀਜੇ ਇਕੱਠੇ ਕਰ ਲੈਂਦੇ ਹਨ। ਅਜਿਹਾ ਉਹਨਾਂ ਵੱਲੋਂ ਆਪਣੇ ਆਪ ਨੂੰ ਨਿੱਜੀ ਲਾਭ ਪਹੁੰਚਾਉਣ ਅਤੇ ਏ.ਸੀ.ਆਰਜ਼ ਵਿੱਚ ਇੰਦਰਾਜ਼ ਕਰਵਾਉਣ ਹਿੱਤ ਕੀਤਾ ਜਾਂਦਾ ਹੈ।

3.0 ਇਸ ਦੇ ਮੱਦੇਨਜ਼ਰ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਵੱਲੋਂ ਸਕੂਲਾਂ ਦੇ ਨਤੀਜ਼ਿਆਂ ਸੰਬੰਧੀ ਇੰਦਰਾਜ ਕੀਤੇ ਰਿਕਾਰਡ ਰਜਿਸਟਰ ਦਾ ਨਿਰੰਤਰ ਨਿਰੀਖਣ ਕੀਤਾ ਜਾਵੇ ਅਤੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਹਰ ਅਧਿਆਪਕ ਦੁਆਰਾ ਪੜ੍ਹਾਏ ਵਿਸ਼ਿਆਂ ਦੇ ਨਤੀਜ਼ੇ ਵਿਸ਼ੇਵਾਰ ਅਤੇ ਸ਼ੈਕਸ਼ਨ ਵਾਰ ਹੀ ਦਰਸਾਏ ਜਾਂਦੇ ਹਨ।

4.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**